# ਜਾਤਾ (Castes - Division of Work)

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਤੇਰੇ ਨਾਲ ਇਨਾ ਮੰਜਾਕ-ਹਾਸੀ ਨਾ ਹੁੰਦੀ,
ਜੇ ਦੁਨੀਆ ਤੇ ਜਾਤ ਡੂੰਮ-ਮਰਾਸੀ ਨਾ ਹੁੰਦੀ।

> ਘਰ ਖੀਵੇ ਦੇ ਸਹਿਬਾ ਜੰਮੀ ਦਿਨ ਮੰਗਲਵਾਰ,
> ਡੂੰਮ ਛੋਹਲੇ ਗਾਵਦੇ ਜਾ ਖੀਵੇ ਦੇ ਦਰਵਾਰ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਸੋਹਣੀ ਤੇ ਮਹੀਵਾਲ ਵਾਲੀ ਬਾਤ ਨਾ ਹੁੰਦੀ,
ਜੇ ਦੁਨੀਆ ਤੇ ਘੁਮਿਆਰ ਜਾਤ ਨਾ ਹੁੰਦੀ ।

> ਕੱਚੇ ਘੱੜੇ ਦੇ ਰੂਪ ਚ' ਆਇਆ ਅਵਤਾਰ ਸੀ,
> ਆਪ ਡੁਬਕੇ ਵੀ ਗਿਆ ਸੋਹਣੀ-ਮਹੀਵਾਲ ਤਾਰ ਸੀ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਅੱਜ ਤੇਰੀ ਜੁਲਫ ਇੰਨੀ ਸਜਾਈ ਨਾ ਹੁੰਦੀ,
ਜੇ ਦੁਨੀਆ ਤੇ ਜਾਤ ਨਾਈ ਨਾ ਹੁੰਦੀ ।

> ਰੋਦੀ ਜੱਟੀ ਨੂੰ ਡੋਲੀ ਚ' ਕੌਣ ਦਿੰਦਾ ਲੋਰੀ ।
> ਧੰਨ ਜਿਗਰਾ ਨਾਈਆ ਦਾ,
> ਜਿਹਨਾ ਨੈਣ ਜੱਟਾ ਨਾਲ ਤੋਰੀ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਤੇਰੇ ਸੈਡਲ ਦੀ ਉਚਾਈ ਇੰਚ ਤਿੰਨ-ਚਾਰ ਨਾ ਹੁੰਦੀ,
ਜੇ ਬਾਬੇ ਰਵੀਦਾਸ ਦੀ ਜਾਤ ਚਮਿਆਰ ਨਾ ਹੁੰਦੀ ।

> ਜਦੋ ਤੱਰਦੀ ਪੱਥਰੀ ਪਾਣੀ ਤੇ ਆਈ,
> ਦੇਖ ਬਾਬੇ ਦੀ ਕਮਾਈ, ਖੁਸ ਹੋਈ ਸੀ ਮੀਰਾਬਾਈ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਅੱਜ ਤੇਰੇ ਹੇਠ ਬੱਸ-ਕਾਰ ਨਾ ਹੁੰਦੀ,
ਜੇ ਦੁਨੀਆ ਤੇ ਜਾਤ ਤਰਖਾਣ-ਲੁਹਾਰ ਨਾ ਹੁੰਦੀ।

> 12 ਵੱਜਗੇ, ਤਰਖਾਣ ਠੇਲੇ ਉਤੇ ਭੱਜਗੇ।
> ਕਾਰਖਾਨਾ ਖੁਲਾ ਛੱਡਗੇ, ਲੋਕੋ-ਲੋਕੋ ।
> ਭੱਜੇ ਜਾਂਦੇ ਤਰਖਾਣਾ ਦੇ ਠੇਲੇ ਨੂੰ ਕੋਈ ਰੋਕੋ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਤੇਰੀ ਇਜਤ ਦੀ ਕੀਮਤ ਜਾ ਉਕਾਤ ਨਾ ਹੁੰਦੀ,
ਜੇ ਦੁਨੀਆ ਤੇ ਬਾਣੀਆ ਜਾਤ ਨਾ ਹੁੰਦੀ।

> ਵੱਣਜ ਗੁਆ ਲਏ ਬਾਣੀਆ......

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਤੇਰੇ ਦੁਆਲੇ ਗੁਣਿਆ ਦੀ ਭਰਮਾਰ ਨਾ ਹੁੰਦੀ,
ਜੇ ਦੁਨੀਆ ਤੇ ਜਾਤ ਸਨਿਆਰ ਨਾ ਹੁੰਦੀ।

> ਤੇਰੇ ਵੰਗਾ ਮੇਚ ਨਾ ਆਈਆ ,
> ਸਾਰਾ ਤੂੰ ਪੰਜਾਬ ਗਾਅ ਲਿਆ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਜੇ ਤੇਰੇ ਪਾਉਣੀ **dress** ਫੱਰਜੀ ਨਾ ਹੁੰਦੀ,
ਦੁਨੀਆ ਤੇ ਜਾਤ ਸੀਬਾ-ਦੱਰਜੀ ਨਾ ਹੁੰਦੀ।

> ਢੈਹ ਜਾਣਾ ਦੱਰਜੀ ਲੱਕ ਦਾ ਮੇਚਾ ਲੈ ਗਿਆ,
> ਸਾਡੇ ਦਿਲਾ ਦਾ ਪੇਚਾ ਪੈ ਗਿਆ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਤੇਰੀ ਫੁਲਕਾਰੀ ਸੋਹਣੀ ਕੱਡੀ ਨਾ ਹੁੰਦੀ,
ਜੇ ਦੁਨੀਆ ਤੇ ਜੁਲਾਹੇ ਦੀ ਖੱਡੀ ਨਾ ਹੁੰਦੀ।

> ਲੋਕੀ ਕਹਿਣ ਕੁੜੀ ਕਸੀਦਾ ਕੱਡਦੀ ।
> ਮੈ ਤੇਰੇ ਨਉ ਦਾ ਬੈਠੀ ਰੁਮਾਲ ਕੱਡਦੀ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਤੇਰੇ ਵਿਆਹ ਚ' ਲੱਡੂ-ਮਠਿਆਈ ਨਾ ਹੁੰਦੀ,
ਜੇ ਦੁਨੀਆ ਤੇ ਜਾਤ ਝਿਉਰ-ਹੱਲਵਾਈ ਨਾ ਹੁੰਦੀ।

ਲੱਡੂ ਖਾ ਕੇ ਤੁਰਦੀ ਬਣੀ,
ਯਾਰ ਕਿਹੜੇਆ ਕੰਮਾ ਨੂੰ ਮੱਰਦਾ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਜੇ ਅੰਨ ਖਾਣਾ ਤੇਰੀ ਖੁਰਾਕ ਨਾ ਹੁੰਦੀ,
ਦੁਨੀਆ ਤੇ ਜੱਟ ਜਾਤ ਨਾ ਹੁੰਦੀ।

ਤੇਰੀ ਗੁਤ ਤੇ ਕਚਿਹਰੀ ਲੱਗਦੀ,
ਦੂਰੋਂ-ਦੂਰੋਂ ਆਉਣ ਝੱਗੜੇ, ਅੱੜਕੇ-ਅੱੜਕੇ,
ਤਰੀਕਾ ਭੁਗਤਣ ਗੇ ਜੱਟ ਲੱੜਕੇ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਜੇ ਤੈਨੂੰ ਖੁਸ ਕਰਨ ਦੀ ਭੰਡੀ ਨਾ ਹੁਦੀ,
ਦੁਨੀਆ ਜਾਤ-ਪਾਤ ਚ' ਵੰਡੀ ਨਾ ਹੁਦੀ ।

ਨਹਿਰੋ ਪਾਰ ਪਵਾਦੂ ਤੈਨੂੰ ਕੋਠੀ ਰੰਗਲੀ,
ਭਾਵੇ ਜਮੀਨ ਵੇਚ ਕੇ ਵਜਾਉਣੀ ਪਵੇ ਦਰ-ਦਰ ਵੰਜਲੀ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਜੇ ਤੇਰੇ ਹੱਥ ਚ' ਤਕਦੀਰ ਦੀ ਲਕੀਰ ਨਾ ਹੁੰਦੀ,
ਦੁਨੀਆ ਤੇ ਜਾਤ ਪੰਡਤ ਜਾ ਫਕੀਰ ਨਾ ਹੁੰਦੀ ।

ਪੰਡਤਾਣੀ ਗਾਜਰ ਵਰਗੀ, ਚੋ-ਚੋ ਪੈਦਾ ਰੰਗ ।
ਚੱਕਲੋ ਹੁਣ ਮੁਡਿਉਂ, ਕਾਹਦੀ ਹੁਣ ਸੰਗ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਜੇ ਤੂੰ ਆਸਕ ਦੀ ਜਾਨ ਸੂਲੀ ਟੰਗੀ ਨਾ ਹੁੰਦੀ,
ਦੁਨੀਆ ਤੇ ਜਾਤ ਚੂਹੜਾ-ਭੰਗੀ ਨਾ ਹੁੰਦੀ ।

ਲਕਸਮਣ ਨੇ ਸੰਜੀਵਨੀ ਮੰਗੀ ਨਾ ਹੁੰਦੀ,
ਜੇ ਮਾਈ ਭੀਲਣੀ ਦੀ ਜਾਤ ਭੰਗੀ ਨਾ ਹੁੰਦੀ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

"ਬਾਬਾ ਜੀ" ਨੇ ਇਹ ਬਾਤ ਕਹੀ ਨਾ ਹੁੰਦੀ,
ਕਿ ਦੁਨੀਆ ਤੇ ਕੋਈ ਜਾਤ-ਪਾਤ ਨਾ ਹੁੰਦੀ ।

ਮਾਨਸ ਕੀ ਏਕ ਜਾਤ ਪਹਿਚਾਣ ਬੋਹ ।

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

ਤੇਰੀ **Sarjinder** ਨੂੰ ਇੰਨੀ ਚਾਹਤ ਨਾ ਹੁੰਦੀ,
ਜੇ ਤੇਰੇ ਵਿੱਚ ਉਹ ਵਾਲੀ ਬਾਤ ਨਾ ਹੁੰਦੀ।

**Now you can guess my caste by birth. By professional, my caste is statistician. Drop me e-mail and feel free to say anything you like! I will count how many will guess correctly?**

ਜੇ ਤੇਰੀ ਕੋਈ ਚਾਹਤ ਨਾ ਹੁੰਦੀ,
ਦੁਨੀਆ ਤੇ ਕੋਈ ਜਾਤ ਨਾ ਹੁੰਦੀ ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud State University, St. Cloud, MN, USA
**Note: All opinions are of author's own.**